

# ਜੰਗਲੀ ਅੱਗ ਦਾ ਧੂੰਆਂ ਅਤੇ ਆਊਟਡੋਰ ਈਵੈਂਟ ਪਲੈਨਿੰਗ

ਜੰਗਲੀ ਅੱਗ ਦਾ ਧੂੰਆਂ ਇੱਕ ਤਰ੍ਹਾਂ ਦੀ ਮੌਸਮੀ ਘਟਨਾ ਹੈ, ਜਿਵੇਂ ਕਿ ਭਾਰੀ ਮੀਂਹ ਜਾਂ ਤੇਜ਼ ਹਵਾ। ਜੇਕਰ ਤੁਸੀਂ ਬ੍ਰਿਟਿਸ਼ ਕੋਲੰਬੀਆ ਵਿੱਚ ਅਪ੍ਰੈਲ ਤੋਂ ਅਕਤੂਬਰ ਤੱਕ ਕਈ ਘੰਟਿਆਂ ਅਤੇ ਦਿਨਾਂ ਲਈ ਆਊਟਡੋਰ ਈਵੈਂਟ (ਬਾਹਰੀ ਸਮਾਗਮਾਂ ) ਦਾ ਆਯੋਜਨ ਕਰ ਰਹੇ ਹੋ, ਤਾਂ ਤੁਹਾਡੇ ਕੋਲ ਜੰਗਲੀ ਅੱਗ ਦੇ ਧੂੰਏਂ ਤੋਂ ਬਚਣ ਲਈ ਇੱਕ ਅਚਨਚੇਤੀ ਯੋਜਨਾ ਹੋਣੀ ਚਾਹੀਦੀ ਹੈ।

## ਆਊਟਡੋਰ ਈਵੈਂਟ ਵਿੱਚ ਇਹ ਯੋਜਨਾ ਹੋਣੀ ਚਾਹੀਦੀ ਹੈ ਕਿ ਜੰਗਲੀ ਅੱਗ ਦਾ ਧੂੰਆਂ ਹੋਣ ਤੇ ਕੀ ਕਰਨਾ ਹੈ।

- ਕਈ ਆਊਟਡੋਰ ਈਵੈਂਟਾਂ ਵਿੱਚ ਗੰਭੀਰ ਮੌਸਮ ਦੀ ਸਥਿਤੀ ਵਿੱਚ ਅਚਨਚੇਤ ਯੋਜਨਾਵਾਂ ਹੁੰਦੀਆਂ ਹਨ।
- ਜੰਗਲੀ ਅੱਗ ਦਾ ਧੂੰਆਂ ਗੰਭੀਰ ਮੌਸਮ ਦਾ ਇੱਕ ਰੂਪ ਹੈ ਜੋ ਸਟਾਫ, ਭਾਗੀਦਾਰਾਂ ਅਤੇ ਦਰਸ਼ਕਾਂ ਸਮੇਤ ਈਵੈਂਟ ਵਿੱਚ ਹਾਜ਼ਿਰ ਲੋਕਾਂ ਦੀ ਸਿਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ। https://rb.gy/btm7g
- ਜੰਗਲੀ ਅੱਗ ਦੇ ਧੂੰਏਂ ਲਈ ਇੱਕ ਅਚਨਚੇਤੀ ਯੋਜਨਾ ਘਟਨਾ ਤੋਂ ਪਹਿਲਾਂ ਅਤੇ ਉਸਦੇ ਦੌਰਾਨ ਸਪੱਸ਼ਟ ਫੈਸਲਾ ਲੈਣ ਵਿੱਚ ਮਦਦ ਕਰੇਗੀ।
- ਇੱਕ ਅਚਨਚੇਤੀ ਯੋਜਨਾ ਹਰ ਕਿਸੇ ਲਈ ਇਹ ਸਮਝਣਾ ਆਸਾਨ ਬਣਾਵੇਗੀ ਕਿ ਜੇਕਰ ਘਟਨਾ ਦੌਰਾਨ ਧੂੰਆਂ ਹੁੰਦਾ ਹੈ ਤਾਂ ਕੀ ਹੋਵੇਗਾ।

### ਧੂੰਏਂ ਦੀਆਂ ਸੰਕਟਕਾਲੀਨ ਯੋਜਨਾਵਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ:

**1** ਮੌਜੂਦਾ ਅਤੇ ਪੂਰਵ ਅਨੁਮਾਨਿਤ ਹਵਾ ਦੀ ਗੁਣਵੱਤਾ

**2** ਹਾਜ਼ਰ ਲੋਕਾਂ ਦੀ ਸੰਵੇਦਨਸ਼ੀਲਤਾ

**3** ਗਤੀਵਿਧੀਆਂ ਦੀ ਤੀਬਰਤਾ

## 1 ਖੇਤਰ ਵਿੱਚ ਮੌਜੂਦਾ ਅਤੇ ਪੂਰਵ ਅਨੁਮਾਨਿਤ ਹਵਾ ਦੀ ਗੁਣਵੱਤਾ 'ਤੇ ਵਿਚਾਰ ਕਰੋ।

- ਏਅਰ ਕੁਆਲਿਟੀ ਹੈਲਥ ਇੰਡੈਕਸ (AQHI) ਹਰ ਘੰਟੇ ਅੱਪਡੇਟ ਕੀਤਾ ਜਾਂਦਾ ਹੈ ਅਤੇ ਸਥਿਤੀਆਂ ਦੇ ਆਧਾਰ 'ਤੇ ਸਿਹਤ ਸਲਾਹ ਪ੍ਰਦਾਨ ਕਰਦਾ ਹੈ। AQHI ਦੀ ਜਾਂਚ ਕਰੋ:
  - WeatherCan ਸਮਾਰਟਫੋਨ ਐਪ ਦੀ ਵਰਤੋਂ ਕਰੋ: https://rb.gy/6oaoxa
  - ਬੀ ਸੀ ਏਅਰ ਕੁਆਲਿਟੀ ਵੈੱਬਸਾਈਟ ਤੇ ਜਾਓ: https://rb.gy/hnutt8
- ਜੇਕਰ ਘਟਨਾ ਕਿਸੇ AQHI ਮਾਨੀਟਰ ਦੇ ਨੇੜੇ ਨਹੀਂ ਹੈ ਤਾਂ ਬਰੀਕ ਕਣਾਂ ਦੇ ਪੱਧਰ (PM2.5) ਦੀ ਵਰਤੋਂ AQHI ਨੂੰ ਦਰਸਾਉਣ ਲਈ ਕੀਤੀ ਜਾ ਸਕਦੀ ਹੈ। ਘਟਨਾ ਦੇ ਸਭ ਤੋਂ ਨਜ਼ਦੀਕ ਮੌਜੂਦਾ PM2.5 ਪੱਧਰ ਦਾ ਪਤਾ ਲਗਾਉਣ ਲਈ AQ ਨਕਸ਼ੇ ਦੀ ਵੈੱਬਸਾਈਟ 'ਤੇ ਜਾਓ ਜੋ ਕਿ AQHI ਮੁੱਲਾਂ ਅਨੁਸਾਰ ਰੰਗ-ਕੋਡ ਕੀਤੀ ਗਈ ਹੈ: https://rb.gy/pkg7rl
- ਹਵਾ ਦੀ ਗੁਣਵੱਤਾ ਵਾਲੇ ਬੁਲੇਟਿਨ ਅਤੇ ਸਲਾਹ ਰੋਜ਼ਾਨਾ ਜਾਰੀ ਕੀਤੀ ਜਾਂਦੀ ਹੈ ਅਤੇ ਇਹ ਸੰਕੇਤ ਦਿੱਤਾ ਜਾਂਦਾ ਹੈ ਕਿ ਕੀ ਧੂੰਏਂ ਦੇ ਉਸ ਪੱਧਰ ਤੱਕ ਪਹੁੰਚਣ ਦੀ ਉਮੀਦ ਹੈ, ਜੋ ਸਿਹਤ ਨੂੰ ਪ੍ਰਭਾਵਤ ਕਰ ਸਕਦਾ ਹੈ। ਤੁਸੀਂ ਆਪਣੇ ਖੇਤਰ ਵਿੱਚ ਹਵਾ ਦੀ ਗੁਣਵੱਤਾ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਸਬਸਕਰਾਈਬ ਕਰ ਸਕਦੇ ਹੋ :
  - ਲੋਅਰ ਮੇਨਲੈਂਡ: https://rb.gy/en1cb
  - ਲੋਅਰ ਮੇਨਲੈਂਡ ਤੋਂ ਬਾਹਰ: https://rb.gy/xau78t
- ਬੀ ਸੀ ਅਸਥਮਾ ਪੂਰਵ-ਅਨੁਮਾਨ ਸਿਸਟਮ ਅਗਲੇ24 ਅਤੇ 48 ਘੰਟਿਆਂ ਲਈ ਐਨਵਾਇਰਮੈਂਟ ਕੈਨੇਡਾ ਜੰਗਲੀ ਅੱਗ ਦੇ ਧੂੰਏਂ ਦੇ ਪੂਰਵ ਅਨੁਮਾਨਾਂ ਦੇ ਅਧਾਰ ਤੇ ਵੱਧ ਤੋਂ ਵੱਧ ਸੰਭਾਵਿਤ AQHI ਪ੍ਰਦਾਨ ਕਰਦਾ ਹੈ. https://rb.gy/xhrywr

## 2 ਈਵੈਂਟ ਵਿੱਚ ਹਾਜ਼ਰ ਲੋਕਾਂ ਦੀ ਸੰਵੇਦਨਸ਼ੀਲਤਾ 'ਤੇ ਵਿਚਾਰ ਕਰੋ

ਕੁਝ ਲੋਕ ਜੰਗਲੀ ਅੱਗ ਦੇ ਧੂੰਏਂ ਤੋਂ ਦੂਜਿਆਂ ਨਾਲੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ ਜਿਸ ਵਿੱਚ ਸ਼ਾਮਲ ਹਨ:

- ਅਸਥਮਾ ਅਤੇ ਕ੍ਰਾਨਿਕ ਓਬਸਟਰੈਕਟਿਵ ਪਲਮਨਰੀ ਵਰਗੀ ਫੇਫੜਿਆਂ ਦੀ ਬਿਮਾਰੀ (COPD) ਵਾਲੇ ਲੋਕ
- ਦਿਲ ਦੀ ਬਿਮਾਰੀ, ਸ਼ੂਗਰ, ਜਾਂ ਮਾਨਸਿਕ ਬਿਮਾਰੀਆਂ ਵਰਗੀਆਂ ਹੋਰ ਗੰਭੀਰ ਸਿਹਤ ਸਥਿਤੀਆਂ ਵਾਲੇ ਲੋਕ
- ਬਜ਼ੁਰਗ ਬਾਲਗ
- ਗਰਭਵਤੀ ਲੋਕ
- ਛੋਟੇ ਅਤੇ ਵੱਡੇ ਬੱਚੇ

## 3 ਸੰਭਾਵਿਤ ਗਤੀਵਿਧੀਆਂ ਦੀ ਤੀਬਰਤਾ ਤੇ ਗੌਰ ਕਰੋ

- ਕਸਰਤ ਕਰਨ ਵੇਲੇ ਲੋਕ ਜੰਗਲੀ ਅੱਗ ਦੇ ਧੂੰਏਂ ਨੂੰ ਸਾਹ ਰਾਂਹੀ ਵੱਧ ਅੰਦਰ ਲੈਂਦੇ ਹਨ, ਕਿਉਂਕਿ ਉਹ ਵਧੇਰੇ ਤੇਜ਼ੀ ਨਾਲ ਅਤੇ ਡੂੰਘੇ ਸਾਹ ਲੈਂਦੇ ਹਨ। ਇਹ ਖਾਸ ਤੌਰ 'ਤੇ ਬੱਚਿਆਂ ਲਈ ਸੱਚ ਹੈ, ਜੋ ਬਾਲਗਾਂ ਨਾਲੋਂ ਤੇਜ਼ੀ ਨਾਲ ਸਾਹ ਲੈਂਦੇ ਹਨ। https://rb.gy/gy32ev

**ਈਵੈਂਟ ਵਿੱਚ ਹਾਜ਼ਰ ਸੰਵੇਦਨਸ਼ੀਲ ਲੋਕ, ਜੋ ਸਖ਼ਤ ਗਤੀਵਿਧੀਆਂ ਵਿੱਚ ਸ਼ਾਮਿਲ ਹਨ, ਉਹਨਾਂ ਨੂੰ ਵਧੇਰੇ ਸਖ਼ਤ ਸੰਕਟਕਾਲੀਨ ਯੋਜਨਾਵਾਂ ਬਣਾਉਣੀਆਂ ਚਾਹੀਦੀਆ ਹਨ।**

### ਧੂੰਏਂ ਵਾਲੀਆਂ ਸਥਿਤੀਆਂ ਦੌਰਾਨ ਘਟਨਾਵਾਂ ਲਈ ਵਾਧੂ ਵਿਚਾਰ :

- ਈਵੈਂਟ ਵਿੱਚ ਹਵਾ ਦੀ ਗੁਣਵੱਤਾ ਦੀ ਨਿਗਰਾਨੀ ਕਰਨ ਲਈ ਘੱਟ ਕੀਮਤ ਵਾਲੇ ਸੈਂਸਰ ਰੱਖਣ ਬਾਰੇ ਵਿਚਾਰ ਕਰੋ। https://rb.gy/eatcri
- ਉੱਥੇ ਹਾਜ਼ਰ ਲੋਕਾਂ ਨੂੰ ਸਿਹਤ ਦੇ ਸੰਭਾਵੀ ਖਤਰਿਆਂ ਬਾਰੇ ਸਪਸ਼ਟ ਤੌਰ 'ਤੇ ਦੱਸੋ
- ਹਾਜ਼ਰ ਲੋਕਾਂ ਨੂੰ ਉਨ੍ਹਾਂ ਦੀ ਸਿਹਤ ਦੀ ਨਿਗਰਾਨੀ ਕਰਨ ਅਤੇ ਜੰਗਲੀ ਅੱਗ ਦੇ ਧੂੰਏਂ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਕਦਮ ਚੁੱਕਣ ਦੀ ਸਲਾਹ ਦਿਓ. https://rb.gy/btm7g
- ਈਵੈਂਟ ਵਿੱਚ ਇੱਕ ਸਾਫ਼ ਹਵਾ ਦਾ ਵਿਕਲਪ ਪ੍ਰਦਾਨ ਕਰਨ ਬਾਰੇ ਵਿਚਾਰ ਕਰੋ (ਉਦਾਹਰਨ ਲਈ ਇੱਕ ਬਾਹਰੀ ਸੰਗੀਤ ਸਮਾਰੋਹ ਵਿੱਚ ਇੱਕ ਸਾਫ਼ ਹਵਾ ਦਾ ਟੈਂਟ)।ο
- ਹਾਜ਼ਰ ਲੋਕਾਂ ਲਈ ਰੈਸਪੀਰੇਟਰ ਉਪਲਬਧ ਕਰਾਉਣ ਬਾਰੇ ਵਿਚਾਰ ਕਰੋ। https://rb.gy/2qp3x
- ਲੋੜ ਪੈਣ 'ਤੇ ਐਮਰਜੈਂਸੀ ਸਿਹਤ ਸੇਵਾਵਾਂ ਤੱਕ ਸਮੇਂ ਸਿਰ ਪਹੁੰਚ ਵਿਵਸਥਾ ਦੇ ਨਾਲ ਇੱਕ ਮੈਡੀਕਲ ਐਮਰਜੈਂਸੀ ਯੋਜਨਾ ਦਾ ਦਸਤਾਵੇਜ਼ ਬਣਾਓ

**AQHI ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਕਿ ਧੂੰਏਂ ਦੀ ਸਥਿਤੀ, ਹਾਜ਼ਰ ਲੋਕਾਂ ਦੀ ਸੰਵੇਦਨਸ਼ੀਲਤਾ ਅਤੇ ਈਵੈਂਟ ਗਤੀਵਿਧੀਆਂ ਦੇ ਆਧਾਰ 'ਤੇ ਕਿਹੜੀਆਂ ਕਾਰਵਾਈਆਂ ਕਰਨੀਆਂ ਹਨ। ਸਾਰਣੀ 1 ਦੇਖੋ**

| 1-ਘੰਟਾ $PM_{2.5}$ (µg/m3) | AQHI | AQHIਜੋਖਮ ਸ਼੍ਰੇਣੀ | ਈਵੈਂਟ ਜਿੱਥੇ ਸੰਵੇਦਨਸ਼ੀਲ ਲੋਕ ਸਖ਼ਤ ਗਤੀਵਿਧੀਆਂ ਵਿੱਚ ਰੁੱਝੇ ਹੋਏ ਹਨ | ਹੋਰ ਬਾਹਰੀ ਸਮਾਗਮ |
|---|---|---|---|---|
| 0 – 10 | 1 | ਘੱਟ | • ਬੀ ਸੀ ਲਈ ਬਾਹਰੀ ਹਵਾ ਦੀ ਆਮ ਗੁਣਵੱਤਾ | • ਬੀ ਸੀ ਲਈ ਬਾਹਰੀ ਹਵਾ ਦੀ ਆਮ ਗੁਣਵੱਤਾ |
| 11 – 20 | 2 | | | |
| 21 – 30 | 3 | | | |
| ਜਦੋਂ ਵੀ ਜੰਗਲੀ ਅੱਗ ਦਾ ਧੂੰਆਂ ਹਵਾ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰ ਰਿਹਾ ਹੋਵੇ, ਤਾਂ ਉਥੇ ਮੌਜੂਦ ਲੋਕਾਂ ਨੂੰ ਲੱਛਣਾਂ ਦੀ ਨਿਗਰਾਨੀ ਕਰਨ ਦੀ ਸਲਾਹ ਦਿਓ ਅਤੇ ਲੱਛਣਾਂ ਵਾਲੇ ਲੋਕਾਂ ਨੂੰ ਆਰਾਮ ਕਰਨ, ਸਾਫ਼ ਹਵਾ ਵਿੱਚ ਜਾਣ ਜਾਂ ਲੋੜ ਪੈਣ 'ਤੇ ਡਾਕਟਰੀ ਸਹਾਇਤਾ ਲੈਣ ਦੀ ਸਲਾਹ ਦਿਓ। | | | | |
| 31 – 40 | 4 | ਮੱਧਮ | • ਪੁਨਰ-ਨਿਰਧਾਰਿਤ ਕਰਨ ਜਾਂ ਫਿਲਟਰ ਕੀਤੀ ਹਵਾ ਨਾਲ ਘਰ ਦੇ ਅੰਦਰ ਜਾਣ ਬਾਰੇ ਵਿਚਾਰ ਕਰੋ<br>• ਸਾਵਧਾਨੀ ਨਾਲ ਅੱਗੇ ਵਧੋ | • ਗਤੀਵਿਧੀਆਂ ਦੀ ਤੀਬਰਤਾ ਜਾਂ ਲੰਬਾਈ ਨੂੰ ਘਟਾਓ |
| 41 – 50 | 5 | | | |
| 51 – 60 | 6 | | | |
| 61 – 70 | 7 | ਉੱਚ | • ਫਿਲਟਰ ਕੀਤੀ ਹਵਾ ਨਾਲ ਘਰ ਦੇ ਅੰਦਰ ਜਾਓ<br>• ਜੇਕਰ ਘਰ ਦੇ ਅੰਦਰ ਜਾਣਾ ਸੰਭਵ ਨਹੀਂ ਹੈ ਤਾਂ ਈਵੈਂਟ ਨੂੰ ਰੱਦ ਜਾਂ ਮੁਲਤਵੀ ਕਰੋ | • ਪੁਨਰ-ਨਿਰਧਾਰਿਤ ਕਰਨ ਜਾਂ ਫਿਲਟਰ ਕੀਤੀ ਹਵਾ ਨਾਲ ਘਰ ਦੇ ਅੰਦਰ ਜਾਣ ਬਾਰੇ ਵਿਚਾਰ ਕਰੋ<br>• ਗਤੀਵਿਧੀਆਂ ਦੀ ਤੀਬਰਤਾ ਜਾਂ ਲੰਬਾਈ ਘਟਾਓ |
| 71 – 80 | 8 | | | |
| 81 – 90 | 9 | | | |
| 91 – 100 | 10 | | | |
| 101+ | 10+ | ਬਹੁਤ ਉੱਚ | | • ਫਿਲਟਰ ਕੀਤੀ ਹਵਾ ਨਾਲ ਘਰ ਦੇ ਅੰਦਰ ਜਾਓ<br>• ਜੇਕਰ ਘਰ ਦੇ ਅੰਦਰ ਜਾਣਾ ਸੰਭਵ ਨਹੀਂ ਹੈ ਤਾਂ ਈਵੈਂਟ ਨੂੰ ਰੱਦ ਜਾਂ ਮੁਲਤਵੀ ਕਰੋ |

**ਸਾਰਣੀ 1:** ਏਅਰ ਕੁਆਲਿਟੀ ਹੈਲਥ ਇੰਡੈਕਸ (AQHI), ਉੱਥੇ ਹਾਜ਼ਰ ਲੋਕਾਂ ਦੀ ਸੰਵੇਦਨਸ਼ੀਲਤਾ, ਅਤੇ ਗਤੀਵਿਧੀ ਦੇ ਪੱਧਰ 'ਤੇ ਆਧਾਰਿਤ ਬਾਹਰੀ ਸਮਾਗਮਾਂ ਲਈ ਸਿਫ਼ਾਰਸ਼ ਕੀਤੀਆਂ ਕਾਰਵਾਈਆਂ।

ਆਖਰੀ ਵਾਰ ਅੱਪਡੇਟ ਕੀਤਾ: ਜੂਨ 2024